# <u>ਪੰਜਾਬ ਸਰਕਾਰ</u>
# <u>ਰੋਜਗਾਰ ਉਤਪੱਤੀ ਅਤੇ ਸਿਖਲਾਈ ਵਿਭਾਗ</u>

ਪੰਜਾਬ ਪੁਲਿਸ ਸਕਿਉਰਟੀ ਕਾਰਪੋਰੇਸ਼ਨ ਵਲੋਂ ਪ੍ਰਾਈਵੇਟ ਸਕਿਉਰਟੀ ਗਾਰਡ ਦੀ ਨੌਕਰੀ ਲਈ 2 ਮਹੀਨੇਆਂ ਦੀ ਸਿਖਲਾਈ ਦੇਣ ਬਾਰੇ ਪੰਜਾਬ ਰਾਜ ਦੇ ਵਸਨੀਕ ਯੋਗ **ਪੁਰਸ਼/ਮਹਿਲਾ** ਉਮੀਦਵਾਰਾਂ ਤੋ ਜਿਹਨਾਂ ਦੀ ਉਮਰ 18 ਤੋ 35 ਸਾਲ (ਉਮਰ ਨਿਰਧਾਰਤ ਕਰਨ ਦੀ ਮਿਤੀ 30.11.2009) ਤੱਕ ਦੇ ਦਰਮਿਆਨ ਹੋਵੇ ਹੇਠ ਲਿਖੀਆਂ ਸਰਤਾਂ ਅਨੁਸਾਰ ਬਿਨੈ ਪੱਤਰ ਦਾਖਲ ਕਰਨ ਦੀ ਮੰਗ ਕੀਤੀ ਜਾਂਦੀ ਹੈ । ਬੇ-ਰੁਜਗਾਰ ਯੋਗ **ਪੁਰਸ਼ /ਮਹਿਲਾ** ਉਮੀਦਵਾਰਾਂ ਨੂੰ ਸੁੱਰਖਿਆ ਖੇਤਰ/ਪ੍ਰਾਈਵੇਟ ਸਕਿਉਰਟੀ ਕੰਪਨੀਜ ਵਿੱਚ ਪ੍ਰਾਈਵੇਟ ਸਕਿਉਰਟੀ ਗਾਰਡ ਦੀ ਨੌਕਰੀ ਵਾਸਤੇ ਸਿਖਲਾਈ ਲਈ ਪੰਜਾਬ ਸਕਿਉਰਟੀ ਸਿਖਲਾਈ ਸੰਸਥਾ , ਜਹਾਨਖੇਲਾਂ ਜਿਲ੍ਹਾ ਹੁਸਿਆਰਪੁਰ ਰਾਹੀ ਸਿਖਲਾਈ ਦੇਣ ਲਈ ਮਿਤੀ 30.11.2009 ਤੱਕ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ । ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਸਿਖਲਾਈ ਪ੍ਰਾਈਵੇਟ ਸੈਕਟਰ ਵਿੱਚ ਰੋਜਗਾਰ ਪ੍ਰਾਪਤ ਕਰਨ ਲਈ ਹੋਵੇਗੀ ਨਾ ਕਿ ਕਿਸੇ ਸਰਕਾਰੀ ਵਿਭਾਗ ਵਿੱਚ। ਸਿਖਲਾਈ ਦਾ ਸਮਾਂ 2 ਮਹੀਨੇ ਹੋਵੇਗਾ । ਬਿਨੈ-ਪੱਤਰ ਹੇਠ ਦਿੱਤੇ ਨਿਰਧਾਰਤ ਪ੍ਰਫਾਰਮੇ ਤੇ ਆਪਣੀ ਫੋਟੋ ਸਹਿਤ ਉਮਰ ਅਤੇ ਦਸਵੀਂ ਪਧੱਰ ਦੀ ਵਿੱਦਿਅਕ ਯੋਗਤਾ ਦੀ ਫੋਟੋਕਾਪੀ ਸਬੂਤ ਵਜੋਂ ਨਾਲ ਨੱਥੀ ਕਰਕੇ ਪੰਜਾਬ ਪੁਲਿਸ ਸਕਿਉਰਟੀ ਕਾਰਪੋਰੇਸਨ ਐਸ.ਸੀ.ਓ. ਨੰ: 171-172, ਸੈਕਟਰ-8ਸੀ, ਮੱਧਿਆ ਮਾਰਗ ਚੰਡੀਗੜ੍ਹ ਨੂੰ ਭੇਜਿਆ ਜਾਵੇ। ਬਿਨੈ-ਪੱਤਰ ਭੇਜਣ ਵਾਲੇ ਉਮੀਦਵਾਰ ਹੀ ਚੋਣ ਪ੍ਰਕਿਰਿਆ ਲਈ ਹੇਠ ਲਿਖੇ ਪਤੇ ਤੇ ਦਿਤੀ ਗਈ ਮਿਤੀ ਨੂੰ ਸਮੇਂ ਸਿਰ ਹਾਜਰ ਹੋਣ :-

| ਲੜੀ ਨੰ | ਸਥਾਨ | ਸਮਾਂ ਅਤੇ ਮਿਤੀ | ਜਿਲਾ ਜਿਸ ਨਾਲ ਸਿਖਿਆਰਥੀ ਸਬੰਧਤ ਹੋਵੇ |
|---|---|---|---|
| 1 | ਪੁਲਿਸ ਲਾਈਨ, ਸੰਗਰੂਰ | ਸਵੇਰੇ 10 ਵਜੇ 7.12.2009 | ਸੰਗਰੂਰ, ਬਰਨਾਲਾ, ਪਟਿਆਲਾ |
| 2 | ਪੁਲਿਸ ਲਾਈਨ, ਬਠਿੰਡਾ | ਸਵੇਰੇ 10 ਵਜੇ 8.12.2009 | ਬਠਿੰਡਾ, ਮਾਨਸਾ, ਮੁਕਤਸਰ |
| 3 | ਪੁਲਿਸ ਲਾਈਨ, ਫਿਰੋਜਪੁਰ | ਸਵੇਰੇ 10 ਵਜੇ 9.12.2009 | ਮੋਗਾ, ਫਿਰੋਜਪੁਰ, ਫਰੀਦਕੋਟ |
| 4 | ਪੁਲਿਸ ਲਾਈਨ, ਗੁਰਦਾਸਪੁਸ | ਸਵੇਰੇ 10 ਵਜੇ 11.12.2009 | ਅਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ |
| 5 | ਪੁਲਿਸ ਲਾਈਨ, ਜਲੰਧਰ | ਸਵੇਰੇ 10 ਵਜੇ 12.12.2009 | ਜਲੰਧਰ, ਕਪੂਰਥਲਾ,ਹੁਸਿਆਰਪੁਰ,ਐਸ.ਬੀ.ਐਸ ਨਗਰ (ਨਵਾਂਸਹਿਰ) |
| 6 | ਪੁਲਿਸ ਲਾਈਨ, ਲੁਧਿਆਣਾ | ਸਵੇਰੇ 10 ਵਜੇ 14.12.2009 | ਲੁਧਿਆਣਾ, ਰੋਪੜ, ਮੋਹਾਲੀ, ਫਤਿਹਗੜ੍ਹ-ਸਾਹਿਬ, ਚੰਡੀਗੜ੍ਹ । |

ਯੋਗਤਾ : ਵਿੱਦਿਅਕ ਯੋਗਤਾ: ਮੈਟ੍ਰਿਕੁਲੈਸ਼ਨ (1●ਵੀ ਪਾਸ )।

ਸਰੀਰਕ ਮਿਆਰ ਪੁਰਸ਼ ਉਮੀਦਵਾਰਾਂ ਲਈ :

- i) ਉਚਾਈ 5'–6", ਛਾਤੀ –31"-32 ½" ( 1½" ਫੁਲਾ ਕੇ )
- ii) ਭਾਰ– ਲੰਬਾਈ ਅਤੇ ਭਾਰ ਦੇ ਨਿਰਧਾਰਤ ਟੇਬਲ ਅਨੁਸਾਰ ।

ਸਰੀਰਕ ਮਿਆਰ ਮਹਿਲਾ ਉਮੀਦਵਾਰਾਂ ਲਈ :

- i) ਉਚਾਈ 5'–2"
- ii) ਭਾਰ– ਲੰਬਾਈ ਅਤੇ ਭਾਰ ਦੇ ਨਿਰਧਾਰਤ ਟੇਬਲ ਅਨੁਸਾਰ ।

iii) ਅੱਖਾਂ ਦੀ ਦ੍ਰਿਸਟੀ ਕਲਰ ਬਲਾਂਇਡਨੈਸ ਤੋ ਮੁਕਤ, ਸੋਧ ਅਤੇ ਬਿਨਾਂ ਸੋਧ ਦੂਰ ਦੇਖਣ ਦੀ ਦ੍ਰਿਸਟੀ 6/6 ਨੇੜੇ ਦੀ ●.6 ਹੋਣੀ ਜਰੂਰੀ ਹੈ ।

iv) ਉਮੀਦਵਾਰ ਦੇ ਨਾ ਹੀ ਪੈਰ ਪੱਧਰੇ ਅਤੇ ਨਾ ਹੀ ਗਿੱਟੇ ਭਿੜਨੇ ਚਾਹੀਦੇ ਹਨ ।

ਚੋਣ ਪ੍ਰਕਿਰਿਆ: ਸਰੀਰਕ ਕੁਸ਼ਲਤਾ ਟੈਸਟ: ਉਪਰੋਕਤ ਯੋਗਤਾਵਾਂ ਅਤੇ ਸਰੀਰਕ ਲੋੜਾ ਪੂਰੀਆਂ ਕਰਦੇ ਉਮੀਦਵਾਰ ਦੀ ਸਰੀਰਕ ਫਿਟਨੈਸ ਅਤੇ ਸਹਿਣ ਸਕਤੀ ਨੂੰ ਟੈਸਟ ਕਰਨ ਲਈ ਹੇਠ ਅਨੁਸਾਰ ਦੌੜ ਲਗਵਾਈ ਜਾਵੇਗੀ ਜੋ ਮਿਥੇ ਸਮੇ ਦੇ ਅੰਦਰ –ਅੰਦਰ ਪੂਰੀ ਕਰਨੀ ਹੋਵੇਗੀ:–

ਪੁਰਸ਼ ਉਮੀਦਵਾਰਾਂ ਲਈ – 1●●● ਮੀਟਰ 6 ਮਿੰਟਾਂ ਵਿੱਚ ।

ਮਹਿਲਾ ਉਮੀਦਵਾਰਾਂ ਲਈ– 5●● ਮੀਟਰ 4 ਮਿੰਟਾਂ ਵਿੱਚ ।

ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਸਿਖਲਾਈ ਦੌਰਾਨ ਰਿਹਾਇਸ, ਖਾਣੇ ਅਤੇ ਸਿਖਲਾਈ ਲਈ ਕੋਈ ਵੀ ਖਰਚਾ ਵਸੂਲ ਨਹੀ ਕੀਤਾ ਜਾਵੇਗਾ, ਪ੍ਰੰਤੂ ਵਰਦੀ ਅਤੇ ਵਰਦੀ ਨਾਲ ਸਬੰਧਤ ਵਸਤਾਂ ਸਬੰਧੀ ਖਰਚਾ ਸਿੱਖਿਆਰਥੀ ਵੱਲੋ ਕੀਤਾ ਜਾਵੇਗਾ । ਚੋਣ ਟੈਸਟ ਵਿੱਚ ਭਾਗ ਲੈਣ ਲਈ ਉਮੀਦਵਾਰ ਨੂੰ ਕਿਸੇ ਕਿਸਮ ਦਾ ਖਰਚਾ/ਯਾਤਰਾ ਭੱਤਾ ਨਹੀ ਦਿੱਤਾ ਜਾਵੇਗਾ।

**ਸੁੱਰਖਿਆ ਖੇਤਰ ਲਈ ਕਿੱਤਾ ਸਿਖਲਾਈ ਲਈ ਬਿਨੈ ਪੱਤਰ ਦਾ ਨਮੂਨਾਂ**

**(ਬਿਨੈ–ਪੱਤਰ ਇਸ ਪ੍ਰਫਾਰਮੇ ਅਨੁਸਾਰ ਹਸਤਲਿਖਤ ਜਾਂ ਟਾਈਪ ਹੋਣਾ ਚਾਹੀਦਾ ਹੈ )**

**ਬਿਨੈ–ਪੱਤਰ ਦਾ ਨਮੂਨਾ ਵੈਬਸਾਈਟ www.pphcl.org ਤੋਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।**

1 ਉਮੀਦਵਾਰ ਦਾ ਪੂਰਾ ਨਾਂ (ਵੱਡੇ ਅੱਖਰਾਂ ਵਿੱਚ): ____________
(ਪੰਜਾਬੀ ਅਤੇ ਅੰਗਰੇਜੀ ਵਿੱਚ) ____________

2 ਪਿਤਾ ਦਾ ਨਾਂ (ਵੱਡੇ ਅੱਖਰਾਂ ਵਿੱਚ) ____________
(ਪੰਜਾਬੀ ਅਤੇ ਅੰਗਰੇਜੀ ਵਿੱਚ) ____________

3 ਮਾਤਾ ਦਾ ਨਾਂ (ਵੱਡੇ ਅੱਖਰਾਂ ਵਿੱਚ) ____________

4 ਜਨਮ ਦੀ ਮਿਤੀ (ਫੋਟੋਕਾਪੀ ਨੱਥੀ): ____________

5 ਵਿੱਦਿਅਕ ਯੋਗਤਾ ____________
(ਦਸਵੀਂ ਪੱਧਰ ਦਾ ਜਨਮ ਮਿਤੀ ਸਮੇਤ ਸਰਟੀਫਿਕੇਟ ਦੀ ਫੋਟੋਕਾਪੀ ਨਾਲ ਨੱਥੀ)

6 ਦਸਵੀਂ ਜਮਾਤ ਵਿੱਚੋ ਪ੍ਰਾਪਤ ਕੀਤੇ ਅੰਕ/ਕੁਲ ਅੰਕ ____________

7 ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਬੂਤ(ਫੋਟੋਕਾਪੀ ਨੱਥੀ)____________

8 ਪੱਤਰ ਵਿਵਹਾਰ ਲਈ ਪਤਾ(ਸਾਫ ਅਖਰਾ ਵਿੱਚ) ____________

9 ਟੈਲੀਫੋਨ ਨੰ: ____________

(ਉਮੀਦਵਾਰ ਦੇ ਹਸਤਾਖਰ)